# India-US 2+2 Intersessional Dialogue

September 02, 2021

## ਭਾਰਤ-ਸੰਯੁਕਤ ਰਾਜ ਅਮਰੀਕਾ 2+2 ਇੰਟਰਸੈਸ਼ਨਲ ਗੱਲਬਾਤ

**2 ਸਤੰਬਰ, 2021**

ਭਾਰਤ ਅਤੇ ਸੰਯੁਕਤ ਰਾਜ ਅਮਰੀਕਾ ਦਰਮਿਆਨ 1 ਸਤੰਬਰ, 2021 ਨੂੰ ਵਾਸ਼ਿੰਗਟਨ ਡੀ.ਸੀ. ਵਿਖੇ ਅਧਿਕਾਰਤ ਪੱਧਰ 'ਤੇ 2+2 ਇੰਟਰਸੈਸ਼ਨਲ ਬੈਠਕ ਹੋਈ। ਬੈਠਕ ਵਿੱਚ ਅਕਤੂਬਰ, 2020 ਵਿੱਚ ਹੋਈ ਪਿਛਲੀ 2+2 ਮੰਤਰੀ ਪੱਧਰੀ ਗੱਲਬਾਤ ਤੋਂ ਬਾਅਦ ਹੋਈ ਤਰੱਕੀ ਅਤੇ ਇਸ ਸਾਲ ਬਾਅਦ ਵਿੱਚ ਹੋਣ ਵਾਲੀ ਗੱਲਬਾਤ ਦੀ ਤਿਆਰੀ ਦੀ ਸਮੀਖਿਆ ਕੀਤੀ ਗਈ। ਭਾਰਤੀ ਵਫ਼ਦ ਦੀ ਅਗਵਾਈ ਵਿਦੇਸ਼ ਮੰਤਰਾਲੇ ਅੰਦਰ ਸੰਯੁਕਤ ਸਕੱਤਰ (ਅਮਰੀਕਾ) ਸ਼੍ਰੀਮਤੀ ਵਾਨੀ ਰਾਓ ਅਤੇ ਰੱਖਿਆ ਮੰਤਰਾਲੇ ਦੇ ਸਾਂਝਾ ਸਕੱਤਰ (ਅੰਤਰਰਾਸ਼ਟਰੀ ਸਹਿਯੋਗ) ਸ਼੍ਰੀ ਸੋਮਨਾਥ ਘੋਸ਼ ਨੇ ਸਾਂਝੇ ਤੌਰ 'ਤੇ ਕੀਤੀ। ਅਮਰੀਕੀ ਵਫ਼ਦ ਦੀ ਅਗਵਾਈ ਰੱਖਿਆ ਵਿਭਾਗ ਦੇ ਭਾਰਤ-ਪ੍ਰਸ਼ਾਂਤ ਮਾਮਲਿਆਂ ਲਈ ਸਹਾਇਕ ਸਕੱਤਰ ਡਾ. ਐਲੀ ਰੈਟਨਰ ਅਤੇ ਵਿਦੇਸ਼ ਵਿਭਾਗ ਵਿੱਚ ਦੱਖਣੀ ਅਤੇ ਮੱਧ-ਏਸ਼ੀਆਈ ਮਾਮਲਿਆਂ ਦੇ ਪ੍ਰਮੁੱਖ ਉਪ-ਸਹਾਇਕ ਸਕੱਤਰ ਸ਼੍ਰੀ ਇਰਵਿਨ ਮੈਸਿੰਗਾ ਨੇ ਕੀਤੀ।

ਦੋਵਾਂ ਪੱਖਾਂ ਨੇ ਭਾਰਤ-ਅਮਰੀਕਾ ਰਣਨੀਤਕ ਸਾਂਝੇਦਾਰੀ ਤਹਿਤ ਦੁਵੱਲੇ ਏਜੰਡੇ ਵਿੱਚ ਹੋਈ ਤਰੱਕੀ ਅਤੇ ਵਿਕਾਸ ਦਾ ਜਾਇਜ਼ਾ ਲਿਆ, ਜਿਸ ਵਿੱਚ ਰੱਖਿਆ, ਆਲਮੀ ਜਨਤਕ ਸਿਹਤ, ਆਰਥਕ ਅਤੇ ਵਪਾਰਕ ਸਹਿਯੋਗ, ਵਿਗਿਆਨ ਅਤੇ ਤਕਨਾਲੋਜੀ, ਸਾਫ ਊਰਜਾ ਅਤੇ ਜਲਵਾਯੂ ਵਿੱਤਪੋਸ਼ਣ ਅਤੇ ਲੋਕ ਪੱਧਰੀ ਸਬੰਧ ਸ਼ਾਮਲ ਹਨ। ਉਨ੍ਹਾਂ ਨੇ ਆਪਸੀ ਹਿੱਤਾਂ ਦੇ ਅਧਾਰ 'ਤੇ ਇਨ੍ਹਾਂ ਖੇਤਰਾਂ ਵਿੱਚ ਚੱਲ ਰਹੇ ਸਹਿਯੋਗ ਨੂੰ ਵਧਾਉਣ ਦੇ ਮੌਕਿਆਂ ਬਾਰੇ ਘੋਖ ਕੀਤੀ. ਸਮਕਾਲੀ ਖੇਤਰਾਂ ਜਿਵੇਂ ਪੁਲਾੜ, ਸਾਈਬਰ ਸੁਰੱਖਿਆ ਅਤੇ ਉੱਭਰ ਰਹੀਆਂ ਤਕਨਾਲੋਜੀਆਂ ਵਿੱਚ ਸਹਿਯੋਗ 'ਤੇ ਵੀ ਵਿਚਾਰ - ਵਟਾਂਦਰੇ ਹੋਏ।

ਸ਼ਾਂਤੀ, ਸਥਿਰਤਾ ਅਤੇ ਖੁਸ਼ਹਾਲੀ ਅਤੇ ਸੁਤੰਤਰ, ਖੁੱਲੇ ਅਤੇ ਸਮਾਵੇਸ਼ੀ ਹਿੰਦ-ਪ੍ਰਸ਼ਾਂਤ ਖੇਤਰ ਬਾਰੇ ਆਪਣੇ ਸਾਂਝੇ ਦ੍ਰਿਸ਼ਟੀਕੋਣ ਦੇ ਮੱਦੇਨਜ਼ਰ ਅਧਿਕਾਰੀਆਂ ਨੇ ਦੱਖਣੀ ਏਸ਼ੀਆ, ਹਿੰਦ-ਪ੍ਰਸ਼ਾਂਤ ਖੇਤਰ ਅਤੇ ਪੱਛਮੀ ਹਿੰਦ ਮਹਾਂਸਾਗਰ ਵਿੱਚ ਹਾਲੈਣ ਘਟਨਾਕ੍ਰਮ ਬਾਰੇ ਵਿਚਾਰਾਂ ਦਾ ਵਟਾਂਦਰਾ ਕੀਤਾ। ਉਨ੍ਹਾਂ ਨੇ ਅੱਤਵਾਦ-ਰੋਧ, HADR ਅਤੇ ਸਮੁੰਦਰੀ ਸੁਰੱਖਿਆ ਦੇ ਖੇਤਰਾਂ ਵਿੱਚ ਸਹਿਯੋਗ ਵਧਾਉਣ ਦੀ ਸੰਭਾਵਨਾ 'ਤੇ ਵੀ ਵਿਚਾਰ ਕੀਤਾ।

ਦੋਵੇਂ ਪੱਖ ਇਸ ਸਾਲ ਬਾਅਦ ਵਿੱਚ ਹੋਣ ਵਾਲੀ 2+2 ਮੰਤਰੀ ਪੱਧਰੀ ਗੱਲਬਾਤ ਤੋਂ ਪਹਿਲਾਂ ਇਹ ਵਿਚਾਰ -ਵਟਾਂਦਰੇ ਜਾਰੀ ਰੱਖਣ ਉੱਤੇ ਸਹਿਮਤ ਹੋਏ।

ਵਾਸ਼ਿੰਗਟਨ ਡੀ.ਸੀ.
2 ਸਤੰਬਰ, 2021

DISCLAIMER: This is an approximate translation. The original is available in English on MEA's website and may be referred to as the official press release.